ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਮਰਦਾਨਾ ਕਮਜ਼ੋਰੀ 416-992-5489
ਇੰਡੀਅਨ ਵੀਜ਼ਾ OCI & Passport Renewal 514-389-7070
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

ਲਾਹੌਰ ਦੇ ਗੁਰਦੁਆਰੇ 'ਚ 80 ਸਾਲਾਂ ਬਾਅਦ ਸ਼ਬਦ ਕੀਰਤਨ ਅਤੇ ਅਰਦਾਸ

ਲਾਹੌਰ: ਲਾਹੌਰ ਦੇ ਮਾਲ ਰੋਡ ਸਥਿਤ ਐਚਿਸਨ ਕਾਲਜ ਕੌਮਪਲੈਕਸ 'ਚ ਸਥਿਤ ਪੁਰਾਤਨ ਗੁਰਦੁਆਰਾ ਸਾਹਿਬ 'ਚ ਲਗਭਗ 80 ਸਾਲਾਂ ਬਾਅਦ ਇਤਿਹਾਸਕ ਅਤੇ ਭਾਵਨਾਤਮਕ ਸਿੱਖ ਸ਼ਬਦ ਕੀਰਤਨ ਅਤੇ ਅਰਦਾਸ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਨਾ ਸਿਰਫ਼ ਧਾਰਮਿਕ ਪੱਖੋਂ ਮਹੱਤਵਪੂਰਣ ਰਿਹਾ ਸਗੋਂ ਵੰਡ ਤੋਂ ਪਹਿਲਾਂ ਦੀ ਸਾਂਝੀ ਵਿਰਾਸਤ ਦੀ ਯਾਦ ਨੂੰ ਵੀ ਤਾਜ਼ਾ ਕਰ ਗਿਆ।

ਇਸ ਮੌਕੇ 'ਤੇ ਪਾਕਿਸਤਾਨ ਦੇ ਘੱਟ-ਗਿਣਤੀ ਮਾਮਲਿਆਂ ਦੇ ਮੰਤਰੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਰਮੇਸ਼ ਸਿੰਘ ਅਰੋੜਾ ਸਮੇਤ ਸਥਾਨਕ ਸਿੱਖ ਸੰਗਤ, ਵਿਦਵਾਨ ਹਸਤੀਆਂ ਅਤੇ ਕਾਲਜ ਪ੍ਰਬੰਧਕ ਮੌਜੂਦ ਸਨ। ਇਹ ਜਾਣਕਾਰੀ ਦਿੰਦਿਆਂ ਡਾ. ਤਰੁਣਜੀਤ ਸਿੰਘ ਬੁਤਾਲੀਆ ਨੇ ਦੱਸਿਆ ਕਿ ਕਾਲਜ ਪ੍ਰਸ਼ਾਸ਼ਨ ਦੇ ਸਹਿਯੋਗ ਨਾਲ ਇਹ ਵਿਸ਼ੇਸ਼ ਧਾਰਮਿਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਥਾਨਕ ਰਾਗੀ ਜਥੇ ਦੇ ਮੈਂਬਰ ਹਰਵਿੰਦਰ ਸਿੰਘ, ਅਕਸ਼ੈਦੀਪ ਸਿੰਘ ਅਤੇ ਦਲੀਪ ਸਿੰਘ ਵਲੋਂ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਦਾ ਰਸਭਿੰਨਾ ਕੀਰਤਨ ਕੀਤਾ ਗਿਆ ਜਿਸ ਨੇ ਹਾਜ਼ਰੀਨ ਨੂੰ ਆਤਮਿਕ ਅਨੁਭੂਤੀ ਨਾਲ ਭਰ ਦਿੱਤਾ।

ਜ਼ਿਕਰਯੋਗ ਹੈ ਕਿ 1947 ਦੀ ਵੰਡ ਤੋਂ ਬਾਅਦ ਸਿੱਖ ਵਿਦਿਆਰਥੀਆਂ ਦੀ ਘਾਟ ਕਾਰਨ ਗੁਰਦੁਆਰਾ ਸਾਹਿਬ ਬੰਦ ਹੋ ਗਿਆ ਸੀ, ਹਾਲਾਂਕਿ ਇਸ ਦੀ ਸੰਭਾਲ ਕਾਲਜ ਪ੍ਰਸ਼ਾਸ਼ਨ ਵਲੋਂ ਨਿਰੰਤਰ ਕੀਤੀ ਜਾਂਦੀ ਰਹੀ। ਉਨ੍ਹਾਂ ਦੱਸਿਆ ਕਿ ਇਹ ਸ਼ਬਦ ਕੀਰਤਨ ਕਾਲਜ ਦੀ 140ਵੀਂ ਵਰ੍ਹੇਗੰਢ ਦੇ ਸਬੰਧ 'ਚ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਐਚਿਸਨ ਕਾਲਜ ਦੀ ਨੀਂਹ 3 ਨਵੰਬਰ 1886 ਨੂੰ ਅਣਵੰਡੇ ਪੰਜਾਬ ਦੇ ਸ਼ਾਹੀ ਅਤੇ ਪ੍ਰਮੁੱਖ ਪਰਿਵਾਰਾਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਰੱਖੀ ਗਈ ਸੀ। ਇਤਿਹਾਸਕ ਰਿਕਾਰਡ ਅਨੁਸਾਰ ਕਾਲਜ ਸਥਿਤ ਗੁਰਦੁਆਰਾ ਸਾਹਿਬ ਦਾ ਨਕਸ਼ਾ ਤਤਕਾਲੀਨ ਮੇਯੋ ਸਕੂਲ ਔਫ਼ ਆਰਟਸ (ਮੌਜੂਦਾ ਨੈਸ਼ਨਲ ਕਾਲਜ ਔਫ਼ ਆਰਟਸ) ਦੇ ਪ੍ਰਸਿੱਧ ਸਿੱਖ ਵਾਸਤੂਕਾਰ ਸਰਦਾਰ ਰਾਮ ਸਿੰਘ ਵਲੋਂ ਤਿਆਰ ਕੀਤਾ ਗਿਆ ਸੀ।ਇਸ ਗੁਰਦੁਆਰਾ ਸਾਹਿਬ ਦੀ ਨੀਂਹ 1910 'ਚ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਵਲੋਂ ਰੱਖੀ ਗਈ ਸੀ ਜੋ 1904 ਤੋਂ 1908 ਤਕ ਇਸ ਕਾਲਜ ਦੇ ਵਿਦਿਆਰਥੀ ਵੀ ਰਹੇ ਸਨ। ਅਗਲੇ ਦੋ ਸਾਲਾਂ 'ਚ ਗੁਰਦੁਆਰਾ ਭਵਨ ਦਾ ਨਿਰਮਾਣ ਪੂਰਾ ਹੋਇਆ ਅਤੇ ਇਸ ਨੂੰ ਇੱਕ ਸਰਗਰਮ ਧਾਰਮਿਕ ਸਥਾਨ ਵਜੋਂ ਸਮਰਪਿਤ ਕੀਤਾ ਗਿਆ ਜਿੱਥੇ ਸਿੱਖ ਵਿਦਿਆਰਥੀ ਰੋਜ਼ਾਨਾ ਸ਼ਾਮ ਦੇ ਸਮੇਂ ਸ਼ਬਦ ਕੀਰਤਨ ਅਤੇ ਅਰਦਾਸ 'ਚ ਹਿੱਸਾ ਲੈਂਦੇ ਸਨ।

ਵਰਤਮਾਨ 'ਚ ਐਚਿਸਨ ਕਾਲਜ ਦੇ ਲਗਭਗ 15 ਸਿੱਖ ਪੁਰਾਤਨ ਵਿਦਿਆਰਥੀ ਭਾਰਤ 'ਚ ਰਹਿ ਰਹੇ ਹਨ। ਉਨ੍ਹਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਕਾਲੇ-ਚਿੱਟੇ ਸੰਗਮਰਮਰ ਦੀ ਫ਼ਰਸ਼ ਅਤੇ ਕਿਲ੍ਹੇ ਵਰਗੀ ਅੰਦਰੂਨੀ ਬਣਾਵਟ ਵਾਲੇ ਇਸ ਗੁਰਦੁਆਰਾ ਸਾਹਿਬ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਗੁਰਦੁਆਰੇ ਸਾਹਿਬ ਤੋਂ ਇਲਾਵਾ ਕਾਲਜ ਅਹਾਤੇ 'ਚ ਵੰਡ ਤੋਂ ਪਹਿਲਾਂ ਦੀ ਇੱਕ ਮਸਜਿਦ ਅਤੇ ਇੱਕ ਹਿੰਦੂ ਮੰਦਰ ਵੀ ਅੱਜ ਤਕ ਮੌਜੂਦ ਹਨ ਜੋ ਉਸ ਯੁੱਗ ਦੀ ਸਾਂਝੀ ਧਾਰਮਿਕ ਵਿਰਾਸਤ ਦਾ ਪ੍ਰਤੀਕ ਹਨ।

ਪਾਕਿ 'ਚ ਹੀ ਰਹੇਗੀ ਸਰਬਜੀਤ

ਲਾਹੌਰ: ਪੰਜਾਬ ਤੋਂ ਪਾਕਿਸਤਾਨ ਗਈ ਸਰਬਜੀਤ ਕੌਰ ਦਾ ਰਿਹਾਈ ਤੋਂ ਬਾਅਦ ਇੱਕ ਵੀਡੀਓ ਸਾਹਮਣੇ ਆਇਆ ਹੈ ਜਿਸ 'ਚ ਉਸ ਦੀ ਖ਼ੁਸ਼ੀ ਸਾਫ਼ ਦਿਖਾਈ ਦੇ ਰਹੀ ਹੈ। ਉਸ ਨੇ ਪਾਕਿਸਤਾਨੀ ਮੀਡੀਆ ਨਾਲ ਗੱਲ ਕਰਦੇ ਹੋਏ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਉਸ ਦਾ ਪਤੀ ਨਾਸਿਰ ਹੁਸੈਨ ਵੀ ਉਸ ਦੇ ਨਾਲ ਦਿਖਾਈ ਦਿੱਤਾ। ਸਰਬਜੀਤ ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣੀ ਬਾਕੀ ਦੀ ਜ਼ਿੰਦਗੀ ਹੁਣ ਪਾਕਿਸਤਾਨ 'ਚ ਹੀ ਗੁਜ਼ਾਰੇਗੀ।

ਪਾਕਿਸਤਾਨੀ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਬਜੀਤ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਸ ਦਾ ਅਤੇ ਨਾਸਿਰ ਦਾ ਪਿਆਰ ਅੱਜ ਦਾ ਨਹੀਂ ਬਲਕਿ ਅੱਠ ਸਾਲ ਪੁਰਾਣਾ ਹੈ। ਉਸ ਨੇ ਕਿਹਾ, "ਜੇਕਰ ਮੇਰੇ ਮੂੰਹ 'ਚ ਦੰਦ ਵੀ ਨਾ ਰਹਿੰਦੇ ਤਾਂ ਵੀ ਮੈਂ ਆਪਣੇ ਪਿਆਰ ਲਈ ਪਾਕਿਸਤਾਨ ਜ਼ਰੂਰ ਆਉਂਦੀ।" ਉਸ ਨੇ ਅੱਗੇ ਦੱਸਿਆ ਕਿ ਉਸ ਨੂੰ ਸਿਰਫ਼ ਅੱਲ੍ਹਾ 'ਤੇ ਯਕੀਨ ਸੀ, ਅਤੇ ਉਸੇ ਦੀ ਬਦੌਲਤ ਅੱਜ ਉਹ ਆਜ਼ਾਦ ਹੋ ਕੇ ਆਪਣੇ ਪਤੀ ਨਾਲ ਹੈ।

ਸਰਬਜੀਤ ਕੌਰ 4 ਨਵੰਬਰ 2024 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 1932 ਸ਼ਰਧਾਲੂਆਂ ਦੇ ਜੱਥੇ ਨਾਲ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਗਈ ਸੀ। ਜਦੋਂ 13 ਨਵੰਬਰ ਨੂੰ ਜਥਾ ਵਾਪਿਸ ਭਾਰਤ ਪਰਤਿਆ ਤਾਂ ਸਰਬਜੀਤ ਵਾਪਿਸ ਨਹੀਂ ਆਈ। ਬਾਅਦ 'ਚ ਉਸ ਦਾ ਉਰਦੂ 'ਚ ਲਿਖਿਆ ਨਿਕਾਹਨਾਮਾ ਅਤੇ ਵੀਡੀਓ ਵਾਇਰਲ ਹੋਣ 'ਤੇ ਪਤਾ ਲੱਗਾ ਕਿ ਉਸ ਨੇ ਇਸਲਾਮ ਕਬੂਲ ਕਰ ਕੇ ਸ਼ੇਖੂਪੁਰਾ ਦੇ ਨਾਸਿਰ ਹੁਸੈਨ ਨਾਲ ਨਿਕਾਹ ਕਰ ਲਿਆ ਹੈ। ਸਰਬਜੀਤ ਦੇ ਵਕੀਲ ਹਸਨ ਨੇ ਦੱਸਿਆ ਕਿ ਉਸ ਨੂੰ 11 ਫ਼ਰਵਰੀ ਨੂੰ ਸ਼ੈਲਟਰ ਹੋਮ ਤੋਂ ਰਿਹਾਅ ਕਰਵਾ ਲਿਆ ਗਿਆ ਹੈ। ਵਕੀਲ ਨੇ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਬਜੀਤ ਨੂੰ ਰਹਿਣ ਲਈ ਘਰ, ਅਤੇ ਉਸ ਦੇ ਪਤੀ ਨੂੰ ਚੰਗਾ ਕੰਮ ਦਿੱਤਾ ਜਾਵੇ ਕਿਉਂਕਿ ਉਹ ਸਭ ਕੁਝ ਭਾਰਤ 'ਚ ਛੱਡ ਕੇ ਆਈ ਹੈ।

ਦੂਜੇ ਪਾਸੇ, ਭਾਰਤ 'ਚ ਉਸ ਦੇ ਪਿੰਡ ਅਮਾਨੀਪੁਰ ਦੇ ਲੋਕਾਂ ਅਨੁਸਾਰ ਸਰਬਜੀਤ ਦੇ ਦੋ ਬੇਟੇ ਹਨ, ਅਤੇ ਉਸ ਦੇ ਪਰਿਵਾਰ ਖ਼ਿਲਾਫ਼ ਸੁਲਤਾਨਪੁਰ ਲੋਧੀ 'ਚ 10 ਤੋਂ ਵੱਧ ਮਾਮਲੇ ਦਰਜ ਹਨ।

ਕਰਜੇ ਤੋਂ ਪਰੇਸ਼ਾਨ? ਮਦਦ ਕਰ ਸਕਦੇ ਹਾਂ 905-783-1922
Vistor Visa 'ਤੇ ਹੋ Work Permit ਖ਼ਤਮ PR ਲਓ 416-848-3930
ਲੀਗਲ ਸੇਵਾਵਾਂ 905-913-2355
ਵਕੀਲ ਦੀ ਲੋੜ? 905-362-0755
ਦੰਦ ਲਗਵਾਓ FREE ਮੁਫ਼ਤ 905-458-3344 With CDCP

ਕੰਪਨੀ ਨੇ ਕਰਮਚਾਰੀਆਂ ਨੂੰ ਵੰਡੇ 3.5 ਕਰੋੜ ਦੇ ਸੋਨੇ ਦੇ Gifts

ਸਿੰਗਾਪੁਰ: ਅੱਜਕੱਲ੍ਹ ਜਿੱਥੇ ਸੋਸ਼ਲ ਮੀਡੀਆ 'ਤੇ ਕੰਪਨੀਆਂ ਦੇ ਟੌਕਸਿਕ ਵਰਕ ਕਲਚਰ ਦੀਆਂ ਖ਼ਬਰਾਂ ਵਾਇਰਲ ਹੁੰਦੀਆਂ ਰਹਿੰਦੀਆਂ ਹਨ, ਉੱਥੇ ਹੀ ਸਿੰਗਾਪੁਰ ਦੀ ਇੱਕ ਕੰਪਨੀ ਨੇ ਆਪਣੇ ਕਰਮਚਾਰੀਆਂ ਲਈ ਕੁਝ ਅਜਿਹਾ ਕੀਤਾ ਹੈ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਸਿੰਗਾਪੁਰ ਸਥਿਤ ਚਾਂਗ ਚੇਂਗ ਹੋਲਡਿੰਗਜ਼ ਨਾਮਕ ਕੰਪਨੀ ਨੇ ਆਪਣੇ ਵਫ਼ਾਦਾਰ ਕਰਮਚਾਰੀਆਂ ਨੂੰ ਸਨਮਾਨਿਤ ਕਰਨ ਲਈ 3.5 ਕਰੋੜ ਰੁਪਏ ਤੋਂ ਵੱਧ ਦੇ ਸੋਨੇ ਦੇ ਤੋਹਫ਼ੇ ਵੰਡੇ ਹਨ।

10 ਸਾਲ ਤੋਂ ਵੱਧ ਸੇਵਾ ਕਰਨ ਵਾਲਿਆਂ ਨੂੰ ਮਿਲਿਆ ਸਨਮਾਨ: ਕੰਪਨੀ ਨੇ ਆਪਣੀ 32ਵੀਂ ਵਰ੍ਹੇਗੰਢ ਮੌਕੇ ਇੱਕ ਸ਼ਾਨਦਾਰ ਡਿਨਰ ਦਾ ਆਯੋਜਨ ਕੀਤਾ ਸੀ। ਇਸ ਦੌਰਾਨ ਉਨ੍ਹਾਂ ਕਰਮਚਾਰੀਆਂ ਨੂੰ ਸੋਨੇ ਦੇ ਯਾਦਗਾਰੀ ਚਿੰਨ੍ਹ ਦਿੱਤੇ ਗਏ ਜੋ ਪਿਛਲੇ 10 ਸਾਲ ਜਾਂ ਉਸ ਤੋਂ ਵੱਧ ਸਮੇਂ ਤੋਂ ਕੰਪਨੀ ਨਾਲ ਜੁੜੇ ਹੋਏ ਹਨ। ਖ਼ਾਸ ਗੱਲ ਇਹ ਹੈ ਕਿ ਇਹ ਤੋਹਫ਼ੇ ਕਰਮਚਾਰੀ ਦੇ ਅਹੁਦੇ ਨੂੰ ਦੇਖ ਕੇ ਨਹੀਂ ਸਗੋਂ ਉਨ੍ਹਾਂ ਦੇ ਕੰਪਨੀ ਪ੍ਰਤੀ ਵਫ਼ਾਦਾਰੀ ਅਤੇ ਕੰਮ ਦੇ ਸਾਲਾਂ ਦੇ ਅਧਾਰ 'ਤੇ ਦਿੱਤੇ ਗਏ ਹਨ।

ਇਹ ਤੋਹਫ਼ੇ ਸ਼ੁੱਧ ਸੋਨੇ ਦੇ ਬਣੇ ਹੋਏ ਹਨ ਅਤੇ ਇਨ੍ਹਾਂ 'ਤੇ ਕੰਪਨੀ ਦਾ ਲੋਗੋ ਅਤੇ ਕਰਮਚਾਰੀ ਦਾ ਨਾਮ ਲਿਖਿਆ ਹੋਇਆ ਹੈ। ਸੋਨੇ ਦੀ ਵੰਡ ਕੁਝ ਇਸ ਤਰ੍ਹਾਂ ਕੀਤੀ ਗਈ: 10 ਤੋਂ 14 ਸਾਲ ਦੀ ਸੇਵਾ ਲਈ 20 ਗ੍ਰਾਮ ਸੋਨੇ ਦਾ ਯਾਦਗਾਰੀ ਚਿੰਨ੍ਹ। 15 ਤੋਂ 19 ਸਾਲ ਦੀ ਸੇਵਾ ਬਦਲੇ 25 ਗ੍ਰਾਮ ਸੋਨੇ ਦਾ ਯਾਦਗਾਰੀ ਚਿੰਨ੍ਹ। 20 ਸਾਲ ਜਾਂ ਵੱਧ ਦੀ ਸੇਵਾ ਵਾਲਿਆਂ ਲਈ 30 ਗ੍ਰਾਮ ਸੋਨੇ ਦਾ ਮੈਡਲ।

ਛੋਟੇ ਜਿਹੇ ਸਟਾਲ ਤੋਂ ਬਣੀ ਕਰੋੜਾਂ ਦੀ ਕੰਪਨੀ: ਚਾਂਗ ਚੇਂਗ ਹੋਲਡਿੰਗਜ਼ ਦੀ ਸ਼ੁਰੂਆਤ 1994 'ਚ ਇੱਕ ਛੋਟੀ ਜਿਹੀ ਸਬਜ਼ੀ-ਚਾਵਲ ਦੀ ਰੇਹੜੀ (ਸਟਾਲ) ਤੋਂ ਹੋਈ ਸੀ। ਪਿਛਲੇ 30 ਸਾਲਾਂ 'ਚ ਕੰਪਨੀ ਨੇ ਬਹੁਤ ਤਰੱਕੀ ਕੀਤੀ ਹੈ, ਅਤੇ ਅੱਜ ਇਹ 160 ਰੈਸਟੋਰੈਂਟ ਅਤੇ 30 ਤੋਂ ਵੱਧ ਕੌਫ਼ੀ ਸ਼ੌਪਸ ਚਲਾ ਰਹੀ ਹੈ ਜਿਨ੍ਹਾਂ 'ਚ 1,200 ਤੋਂ ਵੱਧ ਲੋਕ ਕੰਮ ਕਰਦੇ ਹਨ।

ਸੋਨੇ ਦੀ ਕੀਮਤ ਦੇ ਆਧਾਰ 'ਤੇ ਅਨੁਮਾਨ ਲਗਾਇਆ ਗਿਆ ਹੈ ਕਿ ਕੰਪਨੀ ਨੇ ਇਨ੍ਹਾਂ ਤੋਹਫ਼ਿਆਂ 'ਤੇ ਲਗਭਗ ਪੰਜ ਲੱਖ ਸਿੰਗਾਪੁਰੀ ਡਾਲਰਜ਼ ਖ਼ਰਚ ਕੀਤੇ ਹਨ ਜੋ ਭਾਰਤੀ ਕਰੰਸੀ 'ਚ ਲਗਭਗ 3.5 ਕਰੋੜ ਰੁਪਏ ਬਣਦੇ ਹਨ। ਕੰਪਨੀ ਦਾ ਇਹ ਕਦਮ ਦਰਸਾਉਂਦਾ ਹੈ ਕਿ ਜੇਕਰ ਕਰਮਚਾਰੀ ਵਫ਼ਾਦਾਰ ਹੋਣ ਤਾਂ ਮਾਲਕ ਵੀ ਉਨ੍ਹਾਂ ਦੀ ਕਦਰ ਕਰਨ 'ਚ ਕੋਈ ਕਸਰ ਨਹੀਂ ਛੱਡਦੇ।

ਦੰਦਾਂ ਦੀ ਦੇਖਭਾਲ 647-625-7205
12 Beds, 7 Baths For 24 Guests 905-965-4644
ਕਰਜੇ ਤੋਂ ਪਰੇਸ਼ਾਨ? ਮਦਦ ਕਰ ਸਕਦੇ ਹਾਂ 905-783-1922
Vistor Visa 'ਤੇ ਹੋ Work Permit ਖ਼ਤਮ PR ਲਓ 416-848-3930
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਦੰਦਾਂ ਦੀ ਦੇਖਭਾਲ 647-625-7205
ਇੰਡੀਅਨ ਵੀਜ਼ਾ OCI & Passport Renewal 514-389-7070
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700

White House Canada
12 Bedrooms, 7 Bathrooms for 24 guests
with a Party Hall for 100 invitees in Brampton

ਇਸ ਘਰ 'ਚ ਉਪਲਬਧ ਹਨ 12 ਬੈਡਰੂਮਜ਼, 2 ਲਿਵਿੰਗ ਰੂਮਜ਼, 7 ਵਾਸ਼ਰੂਮਜ਼, ਫ਼ੁੱਲ ਕਿਚਨ, ਡਾਈਨਿੰਗ ਏਰੀਆ ਅਤੇ ਪਾਰਟੀ ਹਾਲ। ਰਹਿਣ ਲਈ ਕਮਰੇ ਬਰੈਂਪਟਨ ਸਿਟੀ ਦੀਆਂ ਹਿਦਾਇਤਾਂ ਅਨੁਸਾਰ।

The property has 12 bedrooms, 2 living rooms, 7 washrooms (mostly en-suite), full kitchen and dining area . Rooms available according to the city of Brampton guidelines.

Contact 905-965-4644
www. whitehousecanada.com
To Book WHITE HOUSE CANADA